**SET – 1**

**Series : GBM/C**

ਕੋਡ ਨੰ. **222/1**

ਰੋਲ ਨੰਬਰ

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **6** ਪੰਨੇ + **1** ਮਾਨਚਿੱਤਰ ਹੈ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **17** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **6** printed pages + **1** Map.
- Code number given on the right hand side of the question paper should be written on the title page of the answer-book by the candidate.
- Please check that this question paper contains **17** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

collegedunia India's largest Student Review Platform

# ਇਤਿਹਾਸ
# (ਪੰਜਾਬੀ ਉਲਥਾ)
# HISTORY
# (Punjabi Version)

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 80*

*Time allowed : 3 hours* — *Maximum Marks : 80*

**ਵਿਆਪਕ ਨਿਰਦੇਸ਼ :**

*(i)* *ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ । ਕੁਝ ਪ੍ਰਸ਼ਨਾਂ ਲਈ ਅੰਦਰੂਨੀ ਵਿਕਲਪ ਦਿੱਤੇ ਗਏ ਹਨ । ਹਰ ਇੱਕ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਅੰਕਿਤ ਹਨ ।*

*(ii)* *ਪ੍ਰਸ਼ਨ ਸੰਖਿਆ 1 ਤੋਂ 3 ਤੱਕ* ***ਦੋ*** *ਅੰਕ ਵਾਲੇ ਹਨ । ਹਰ ਇੱਕ ਪ੍ਰਸ਼ਨ ਦਾ ਉੱਤਰ 30 ਸ਼ਬਦਾਂ ਤੋਂ ਵਧੀਕ ਨਹੀਂ ਹੋਣਾ ਚਾਹੀਦਾ ।*



collegedunia.com India's largest Student Review Platform

*(iii)* *ਪ੍ਰਸ਼ਨ ਸੰਖਿਆ 4 ਤੋਂ 9 ਤੱਕ* ***ਚਾਰ*** *ਅੰਕ ਵਾਲੇ ਹਨ । ਹਰ ਇੱਕ ਪ੍ਰਸ਼ਨ ਦਾ ਉੱਤਰ 100 ਸ਼ਬਦਾਂ ਤੋਂ ਵਧੀਕ ਨਹੀਂ ਹੋਣਾ ਚਾਹੀਦਾ । ਵਿਦਿਆਰਥੀ ਨੂੰ ਇਸ ਖੰਡ ਤੋਂ ਕੇਵਲ* ***ਪੰਜ*** *ਪ੍ਰਸ਼ਨ ਹੱਲ ਕਰਨੇ ਹਨ ।*

*(iv)* *ਪ੍ਰਸ਼ਨ ਸੰਖਿਆ 10 ਮੁੱਲ ਆਧਾਰਤ ਪ੍ਰਸ਼ਨ ਹੈ ਅਤੇ ਜ਼ਰੂਰੀ ਹੈ, ਇਹ ਪ੍ਰਸ਼ਨ ਵੀ* ***ਚਾਰ*** *ਅੰਕ ਦਾ ਹੈ ।*

*(v)* *ਪ੍ਰਸ਼ਨ ਸੰਖਿਆ 11 ਤੋਂ 13 ਤੱਕ* ***ਅੱਠ*** *ਅੰਕ ਵਾਲੇ ਹਨ । ਇਹਨਾਂ ਹਰ ਇੱਕ ਪ੍ਰਸ਼ਨ ਦਾ ਉੱਤਰ* ***350*** *ਸ਼ਬਦਾਂ ਤੋਂ ਵਧੀਕ ਨਹੀਂ ਹੋਣਾ ਚਾਹੀਦਾ ਹੈ । ਵਿਦਿਆਰਥੀ ਨੂੰ ਇਸ ਖੰਡ ਤੋਂ ਕੋਈ* ***ਤਿੰਨ*** *ਪ੍ਰਸ਼ਨ ਹੱਲ ਕਰਨੇ ਹਨ ।*

*(vi)* *ਪ੍ਰਸ਼ਨ ਸੰਖਿਆ 14 ਤੋਂ 16 ਸਰੋਤਾਂ ਤੇ ਅਧਾਰਿਤ ਹਨ । ਇਹਨਾਂ ਵਿੱਚ ਕੋਈ ਅੰਦਰੂਨੀ ਵਿਕਲਪ ਨਹੀਂ ਹੈ ।*

*(vii)* *ਪ੍ਰਸ਼ਨ ਸੰਖਿਆ* ***17*** *ਮਾਨ ਚਿੱਤਰ ਸੰਬੰਧੀ ਹੈ, ਜਿਹਨਾਂ ਵਿੱਚ ਲੱਛਣਾਂ ਨੂੰ ਪਛਾਣਨਾ ਅਤੇ ਮਹੱਤਵਪੂਰਨ ਮਦਾਂ ਨੂੰ ਦਰਸਾਣਾ ਸ਼ਾਮਿਲ ਹੈ । ਮਾਨ ਚਿੱਤਰ ਨੂੰ ਉੱਤਰ ਪੁਸਤਕ ਦੇ ਅੰਦਰ ਨੱਥੀ ਕਰੋ ।*

## ਖੰਡ – ਕ

ਹੇਠ ਦਿਤੇ ਗਏ **ਸਾਰੇ** ਪ੍ਰਸ਼ਨਾਂ ਦੇ ਉੱਤਰ ਲਿੱਖੋ : **2 × 3 = 6**

1. ਸਾਂਚੀ ਸਤੂਪ ਵਿਚ ਦਰਸਾਈ ਗਈ ਮੂਰਤੀ ਕਲਾ ਦੀਆਂ ਕਿਸੇ ਦੋ ਵਿਸ਼ੇਸ਼ਤਾਵਾਂ ਦਾ ਵਰਨਨ ਕਰੋ । **2**

2. ਅਕਬਰ ਦੇ ਇਬਾਦਤ ਖਾਨੇ ਨੇ ਉਸ ਦੇ ਧਾਰਮਿਕ ਗਿਆਨ ਦੀ ਖੋਜ ਨੂੰ ਪੂਰਾ ਕਰਨ ਵਿਚ ਕਿਵੇਂ ਸਹਾਇਤਾ ਕੀਤੀ ? ਸਪਸ਼ਟ ਕਰੋ । **2**

3. 1857 ਦੇ ਦੌਰਾਨ ਲੋਕਾਂ ਨੇ ਅਫਵਾਹਾਂ ਅਤੇ ਭਵਿੱਖ ਬਾਣੀਆਂ ਵਿਚ ਯਕੀਨ ਕਿਉਂ ਕੀਤਾ ? ਕੋਈ ਦੋ ਕਾਰਨ ਸਪਸ਼ਟ ਕਰੋ । **2**

## ਖੰਡ – ਖ

### ਭਾਗ – I

ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਲਿੱਖੋ : **4 × 5 = 20**

4. "ਜਨਮ ਅਤੇ ਪੁਨਰਜਨਮ ਦਾ ਚੱਕਰ ਕਰਮ ਦੇ ਰਾਹੀਂ ਨਿਰਧਾਰਤ ਹੁੰਦਾ ਹੈ ।" ਇਸ ਕਥਨ ਦੇ ਸੰਦਰਭ ਵਿਚ ਜੈਨ ਸਿਖਿਆਵਾਂ ਉਪਰ ਰੋਸ਼ਨੀ ਪਾਓ । **4**



collegedunia.com India's largest Student Review Platform

5. ਮਗਧ ਦੇ ਇਕ ਸ਼ਕਤੀ ਸ਼ਾਲੀ ਮਹਾਂਜਨਪਦ ਦੇ ਰੂਪ ਵਿਚ ਵਿਕਾਸ ਹੋਣ ਦੇ ਲਈ ਮੁਢਲੇ ਇਤਿਹਾਸਕਾਰਾਂ ਅਤੇ ਲੇਖਕਾਂ ਨੇ ਕੀ ਕੀ ਵਖੋ ਵਖ ਸਪਸ਼ਟੀਕਰਨ ਦਿੱਤੇ ਸਨ ? ਵਰਨਨ ਕਰੋ । **4**

6. ਫਰਾਂਸਵਾ ਬਰਨੀਧਰ ਕੌਣ ਸੀ ? ਸਤੀ ਪ੍ਰਥਾ ਦੇ ਸੰਦਰਭ ਵਿਚ ਉਸਦੇ ਵਿਚਾਰਾ ਦਾ ਵਰਨ ਕਰੋ । **1 + 3 = 4**

7. 16ਵੀਂ ਅਤੇ 17ਵੀਂ ਸ਼ਤਾਬਦੀਆਂ ਵਿਚ ਮੁਗਲ ਸਾਮਰਾਜ ਦੇ ਦੌਰਾਨ ਜੰਗਲਵਾਸੀਆਂ ਅਤੇ ਜਨਜਾਤੀਆਂ ਦੇ ਜੀਵਨ ਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ । **4**

8. "1813 ਦੀ ਪੰਜਵੀਂ ਰਿਪੋਰਟ ਭਾਰਤ ਵਿਚ ਈਸਟ ਇੰਡਿਆ ਕੰਪਨੀ ਦੇ ਸ਼ਾਸਨ ਦੇ ਸਰੂਪ ਦੇ ਬਾਰੇ ਬ੍ਰਿਟਿਸ ਸੰਸਦ ਵਿਚ ਗੰਭੀਰ ਵਾਦ–ਵਿਵਾਦ ਦਾ ਆਧਾਰ ਬਣੀ" । ਪਰਮਾਣ ਦੇ ਕੇ ਇਸ ਕਥਨ ਨੂੰ ਉੱਚਤ ਠੈਹਰਾਓ । **4**

9. ਭਾਰਤ ਦੀ ਵੰਡ ਨੂੰ ਆਮ ਲੋਕ ਕਿਵੇਂ ਦੇਖਦੇ ਸਨ ? ਸਪਸ਼ਟ ਕਰੋ । **4**

## ਭਾਗ – II

## ਮੁੱਲ ਅਧਾਰਤ ਪ੍ਰਸ਼ਨ **4 × 1 = 4**

10. ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿਤੇ ਪ੍ਰਸ਼ਨ ਦਾ ਉੱਤਰ ਲਿਖੋ :

"ਵੀਹਵੀਂ ਸਦੀ ਵਿਚ ਰਾਸ਼ਟਰਵਾਦੀ ਅੰਦੋਲਨ ਨੂੰ 1857 ਦੀਆਂ ਘਟਨਾਵਾਂ ਤੋਂ ਪ੍ਰੇਰਰਨਾ ਮਿਲ ਰਹੀਂ ਸੀ । ਇਸ ਵਿਦਰੋਹ ਦੇ ਆਲੇ–ਦੁਆਲੇ ਰਾਸ਼ਟਰਵਾਦੀ ਕਲਪਨਾ ਦੀ ਰਚਨਾ ਕੀਤੀ–ਗਈ । ਇਸ ਨੂੰ ਆਜ਼ਾਦੀ ਦੀ ਪੈਹਲੀ ਜੰਗ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਸੀ ਜਿਸ ਵਿਚ ਦੇਸ਼ ਦੇ ਹਰ ਤਬਕੇ ਦੇ ਲੋਕਾਂ ਨੇ ਸਾਮਰਾਜਵਾਦੀ ਸ਼ਾਸਨ ਦੇ ਖਿਲਾਫ ਮਿਲ ਕੇ ਲੜਾਈ ਲੜੀ ਸੀ ।"

ਪ੍ਰਸ਼ਨ : ਪੈਹਲੀ ਆਜ਼ਾਦੀ ਦੀ ਜੰਗ (1857) ਨੇ ਧਰਮ ਨਿਰਪੇਖ ਅਤੇ ਲੋਕ ਤੰਤਰੀ ਮੁੱਲਾ ਨੂੰ ਕਿਵੇਂ ਕਾਇਮ ਰਖਿਆ ? ਪੈਰੇ ਦੇ ਸੰਦਰਭਵਿਚ ਸਪਸ਼ਟ ਕਰੋ ।

## ਖੰਡ – ਗ

## ਲੰਬ ਉੱਤਰ ਵਾਲੇ ਪ੍ਰਸ਼ਨ **8 × 3 = 24**

ਹੇਠ ਦਿੱਤੇ **ਸਾਰੇ** ਪ੍ਰਸ਼ਨਾਂ ਦੇ ਉੱਤਰ ਲਿਖੋ :

11. ਮਹਾਂਭਾਰਤ, ਪ੍ਰਾਚੀਨ ਭਾਰਤ ਵਿਚ ਭਾਈਚਾਰਕ ਮੁੱਲਾਂ ਅਤੇ ਵਿਆਹ ਦੀ ਪ੍ਰਥਾ ਨੂੰ ਜਾਣਨ ਦੇ ਲਈ ਕਿਵੇਂ ਇਕ ਚੰਗਾ ਸਰੋਤ ਹੈ ? ਆਪਣੇ ਉੱਤਰ ਦੀ ਪੁਸ਼ਟੀ ਵਿਚ ਉਦਾਹਰਣ ਪੇਸ਼ ਕਰੋ ।

**ਜਾਂ**

ਮਹਾਂਭਾਰਤ ਨੂੰ ਅਸੀਂ ਇਕ ਗਤੀਸ਼ੀਲ ਗਰੰਥ ਕਿਉਂ ਕਹਿੰਦੇ ਹਾਂ ? ਮਹਾਂਭਾਰਤ ਦਾ ਅਲੋਚਨਾਤਮਕ ਸੰਸਕਰਨ ਤਿਆਰ ਕਰਨ ਵਿਚ ਸ਼ਾਮਲ ਪਰਕਿਰਿਆਵਾਂ ਨੂੰ ਸਪਸ਼ਟ ਕਰੋ। । **4 + 4 = 8**



collegedunia
India's largest Student Review Platform

12. 15ਵੀਂ ਸ਼ਤਾਬਦੀ ਦੇ ਦੌਰਾਨ ਅਬਦੁਰ–ਰੱਜ਼ਾਕ ਰਾਹੀਂ ਵਿਜੈਨਗਰ ਦੇ ਕਿਲੇਬੰਦੀ ਦੀਆਂ ਉਜਾਗਰ ਕੀਤੀਆਂ ਗਈਆਂ ਮੁੱਖ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ ।

**ਜਾਂ**

ਵਿਜੈਨਗਰ ਸਾਮਰਾਜ ਦੇ ਰਾਜਕੀ ਕੇਂਦਰ ਦੀਆਂ ਪਰਮੁੱਖ ਵਿਸ਼ੇਸ਼ਤਾਵਾਂ ਨੂੰ ਸਪਸ਼ਟ ਕਰੋ । **8**

13. '1920 ਦਾ ਨਾ ਮਿਲਵਰਤਣ ਅੰਦੋਲਨ ਸਵੈ ਸ਼ਾਸਨ ਦੇ ਲਈ ਇਕ ਟਰੇਨਿੰਗ ਸੀ ।' ਸਪਸ਼ਟ ਕਰੋ ।

**ਜਾਂ**

'ਭਾਰਤ ਦੀ ਸੰਵਿਧਾਨ ਸਭਾ ਵਿਚ 300 ਮੈਂਬਰ ਸਨ । ਇਨ੍ਹਾਂ ਵਿਚੋਂ ਕੁਝ ਮੈਂਬਰਾਂ ਦੀ ਭੂਮਿਕਾ ਬਹੁਤ ਖਾਸ ਸੀ ।' ਆਪਣੇ ਉੱਤਰ ਦੀ ਪੁਸ਼ਟੀ, ਉਦਾਹਰਣਾਂ ਸਹਿਤ ਕਰੋ । **8**

## ਖੰਡ – ਘ

**(ਸਰੋਤ ਆਧਾਰਤ ਪ੍ਰਸ਼ਨ)** **7 × 3 = 21**

14. ਹੇਠ ਦਿੱਤੇ ਹਵਾਲੇ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਦੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਬਹੁਤ ਸਮੇਂ ਪਿਛੋਂ 1947 ਵਿਚ ਆਰ.ਈ.ਐਮ ਵਹੀਲਰ ਨੇ ਜੋ ਭਾਰਤੀ ਪੁਰਾਤਤਵ ਸਰਵੇਖਣ (ASI) ਦੇ ਉਸ ਵਕਤ ਦੇ ਡਾਇਰੇਕਟਰ ਜਨਰਲ ਸਨ, ਇਨ੍ਹਾਂ ਪੁਰਾਤਤਵਿਕ ਪਰਮਾਣਾ ਦਾ ਉਪਮਹਾਂਦੀਪ ਵਿਚ ਜਾਂਣਿਆਂ ਜਾਂਦਾ ਸਭ ਤੋਂ ਪੁਰਾਣਾ ਗਰੰਥ ਰਿਗਵੇਦ ਦੇ ਪਰਮਾਣ ਨਾਲ ਸੰਬੰਧ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ । ਉਨ੍ਹਾਂ ਨੇ ਲਿਖਿਆ :

ਰਿਗਵੇਦ ਵਿਚ 'ਪੁਰ" ਸ਼ਬਦ ਦਾ ਵਰਨਨ ਹੈ ਜਿਸ ਦਾ ਅਰਥ ਹੈ ਫਸੀਲ, ਕਿਲਾ ਜਾਂ ਗੜ੍ਹ । ਆਰੀਆਂ ਦੇ ਯੁੱਧ ਦੇ ਦੇਵਤਾ ਇੰਦਰ ਪੁਰੰਦਰ ਜਾਂ ਗੜ੍ਹ- ਵਿਨਾਸ਼ਕ ਕਿਹਾ ਗਿਆ ਹੈ ।

ਏਹ ਕਿਲੇ ਕਿਥੇ ਹਨ..... ਜਾਂ ...... ਸਨ ...... ? ਪੈਹਲੇ ਇਹ ਮੰਨਿਆ ਗਿਆ ਸੀ ਇਹ ਮਿਥਿਆ ਮਾਤ ਸਨ ..... ਹੜੱਪਾ ਵਿਚ ਹਾਲ ਵਿਚ ਹੋਈ ਖੁਦਾਈ ਨੇ ਜਿਵੇ ਕਿ ਨਕਸ਼ਾ ਹੀ ਬਦਲ ਦਿੱਤਾ ਹੈ । ਅਸੀਂ ਇਥੇ ਮੁੱਖ ਤੋਰਤੇ ਗੈਰ–ਆਰੀਆ ਪ੍ਰਕਾਰ ਦੀ ਇਕ ਵਿਕਸਿਤ ਸਭਿਅਤਾ ਦੇਖ ਦੇ ਹਾਂ ਜਿਸ ਵਿਚ ਹੁਣ ਤਕ ਪ੍ਰਾਪਤ ਜਾਣਕਾਰੀ ਦੇ ਅਨੁਸਾਰ ਵਿਸ਼ਾਲ ਕਿਲੇਬੰਦੀਆਂ ਕੀਤੀਆਂ ਗਈਆਂ ਸਨ ...... ਇਹ ਇਤਨੀ ਮਜ਼ਬੂਤ ਸਭਿਅਤਾ ਕਿਵੇਂ ਤਬਾਹ ਹੋਈ ? ਹੋ ਸਕਦਾ ਹੈ ਜਲਬਾਯੂ ਸੰਬੰਧੀ, ਆਰਥਿਕ ਜਾਂ ਰਾਜਨੀਤਿਕ ਹਰਾਸ ਨੇ ਇਸ ਨੂੰ ਕਮਜ਼ੋਰ ਕਰ ਦਿਤਾ ਹੋਵੇ, ਪਰ ਵਧੇਰੇ ਸੰਭਾਵਨਾ ਇਸ ਗਲ ਦੀ ਹੈ ਕਿ ਜਾਣ ਬੁਝ ਕੇ ਜਾਂ ਵੱਡੇ ਪੈਮਾਨੇ ਤੇ ਕੀਤੀਂ ਗਈ ਤਬਾਹੀ ਨੇ ਅੰਤਮ ਤੋਰ ਤੇ ਖਤਮ ਕਰ ਦਿੱਤਾ । ਇਹ ਸਿਰਫ ਸੰਜੋਗ ਹੀ ਨਹੀਂ ਹੋ ਸਕਦਾ ਕਿ ਮੋਹਨ ਜੋਦੜੋ ਕੇ ਅਖੀਰਲੇ ਪੜਾੱ ਵਿਚ ਇੰਜ ਭਾਸਦਾ ਹੈ ਕਿ ਇੱਥੇ ਆਦਮੀਆਂ, ਔਰਤਾਂ ਅਤੇ ਬਚਿਆਂ ਦਾ ਕਤਲਾਮ ਕੀਤਾ ਗਿਆ ਸੀ । ਵੇਰਵੇ ਸੈਹਤ ਪਰਮਾਣਾਂ ਦੇ ਅਧਾਰ ਤੇ ਇੰਦਰ ਹੀ ਦੋਸ਼ੀ ਮੰਨਿਆ ਜਾਂਦਾ ਹੈ ।

ਆਰ.ਈ.ਐਮ. ਵਹੀਲਰ, ਹੜੱਪਾ 1946, ਏਂਸ਼ਿਏਂਟ ਇੰਡੀਅ (ਜਰਨਲ) 1947 ਤੋਂ ਪ੍ਰਾਪਤ ।

(14.1) ਆਰ.ਈ.ਐਮ. ਵਹੀਲਰ ਨੇ ਆਪਣੀਆਂ ਪੁਰਾਤਤਵਿਕ ਪਰਮਾਣਾਂ ਨੂੰ ਰਿਗ ਵੇਦ ਨਾਲ ਕਿਵੇਂ ਜੋੜਿਆ ? **2**

(14.2) ਹੜੱਪਾ ਵਿਚ ਹਾਲ ਵਿਚ ਹੀ ਹੋਈ ਖੁਦਾਈ ਨੇ ਦੁਰਗਾਂ ਦੇ ਮਿਥ ਦੇ ਸੰਬੰਧ ਵਿਚ ਸੋਚ ਨੂੰ ਕਿਵੇਂ ਬਦਲਿਆ ? **2**

(14.3) ਹੜੱਪਾ ਦੇ ਪਤਨ ਦੇ ਲਈ ਪੁਰਾਤਤਵ ਵਿਗਿਆਨੀਆਂ ਰਾਹੀਂ ਦੱਸੋ ਸੰਭਾਵਤ ਕਾਰਨ ਦਾ ਵਰਨਨ ਕਰੋ । **3**



collegedunia
India's largest Student Review Platform

15. ਹੇਠ ਦਿੱਤੇ ਹਵਾਲੇ ਨੂੰ ਧਿਆਨ ਨਾਲ ਅਧਿਐਨ ਕਰੋ ਅਤੇ ਇਸ ਹੇਠ ਲਿੱਖੇ ਪ੍ਰਸ਼ਨਾਂ ਦੇ ਉੱਤਰ ਲਿੱਖੋ :

**ਕਰਮ ਕਾਂਡ ਅਤੇ ਅਸਲ ਸੰਸਾਰ**

ਇਹ ਬਾਸਵੱਨਾ ਰਾਹੀਂ ਰਚਿਆ ਇਕ ਵਚਨ ਹੈ :

ਜਦੋਂ ਉਹ ਪੱਥਰ ਨਾਲ ਬਣੇ ਸੱਪ ਨੂੰ ਦੇਖ ਦੇ ਹਨ ਤਾ ਉਸ ਉਪਰ ਦੁਧ ਚੜ੍ਹੋਦੇ ਹਨ । ਜੇਕਰ ਅਸਲ ਸੱਪ ਆ ਜਾਏ ਤਾਂ ਕਹਿੰਦੇ ਹਨ "ਮਾਰੋ–ਮਾਰੋ" ਦੇਵਤਾ ਦੇ ਉਸ ਸੇਵਕ ਨੂੰ, ਜੋ ਭੋਜਨ ਪਰਸਣ ਤੇ ਖਾ ਸਕਦਾ ਹੈ ਉਹ ਕਹਿੰਦੇ ਹਨ "ਚਲੇ ਜਾਓ । ਚਲੇ ਜਾਓ ।" ਕਿੰਤੂ ਈਸ਼ਵਰ ਦੀ ਮੂਰਤੀ ਨੂੰ ਜੋ ਖਾ ਨਹੀਂ ਸਕਦੀ, ਉਹ ਪਦਾਰਥ ਪਰੋਸਦੇ ਹਨ ।

(15.1) "ਲਿੰਗਾਯਤ ਇਕ ਈਸ਼ਵਰ ਵਾਦੀ ਸੰਸਾਰ ਵਿਚ ਯਕੀਨ ਰਖਦੇ ਹਨ ।" ਸਪਸ਼ਟ ਕਰੋ । **2**

(15.2) ਇਹ ਧਾਰਮਕ ਅੰਦੋਲਨ ਕਿਵੇਂ ਇਕ ਸੁਧਾਰਕ ਅੰਦੋਲਨ ਹੈ ? **2**

(15.3) ਬਾਸਵੱਨਾ ਇਸ ਕਥਨ ਵਿਚ ਕੀ ਪ੍ਰਤੀ ਬਿੰਬਤ ਕਰਨਾ ਚਾਹੁੰਦੇ ਹਨ ? ਸਪਸ਼ਟ ਕਰੋ । **3**

**ਧਿਆਨ ਨਾਲ**

16. ਹੇਠ ਦਿੱਤੇ ਹਵਾਲੇ ਨੂੰ, ਪੜ੍ਹੋ ਅਤੇ ਇਸ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿੱਖੋ :

ਇਕ ਪੇਂਡੂ ਸ਼ੈਹਰ

ਮਦਰਾਸ ਦੇ ਬਾਰੇ ਵਿਚ ਇਸ ਪੀਰਿਅਲ ਗਜ਼ੇਟਿਯਰ 1908 ਵਿਚ ਛਪੇ ਇਸ ਅੰਸ਼ ਨੂੰ ਪੜ੍ਹੋ :

..... ਬਿਹਤਰ ਯੂਰੋਪੀ ਟਿਕਾਣੇ ਅਹਾਤਿਆਂ ਦੇ ਦਰਮਿਆਨ ਬਣਾਏ ਜਾਂਦੇ ਸਨ ਜਿਸ ਨਾਲ ਉਨ੍ਹਾਂ ਦੀ ਦਿੱਖ ਲਗਭਗ ਪਾਰਕ ਵਰਗੀ ਬਣ ਜਾਂਦੀ ਹੈ; ਅਤੇ ਇਨ੍ਹਾਂ ਦੇ ਦਰਮਿਆਨ ਤਕਰੀਬਨ ਪਿੰਡਾਂ ਦੀ ਤਰਜ਼ ਉਪਰ ਚਾਵਲ ਦੇ ਖੇਤ ਆਂਦੇ–ਜਾਂਦੇ ਰਹਿੰਦੇ ਹਨ । ਇੱਥੋਂ ਤਕ ਕਿ ਬਲੈਕ ਟਾਊਨ ਅਤੇ ਟ੍ਰਿਪਲੀਕੇਟ ਵਰਗੀ ਸਭ ਤੋਂ ਸੰਘਣੀ ਅਬਾਦੀ ਵਾਲੀਆਂ ਦੇਸੀ ਬਸਤੀਆਂ ਵਿਚ ਵੀ ਉਹੋ ਜਿਹਾ ਭੀੜ–ਭੜ੍ਹਕਾ ਨਹੀਂ ਦਿਖਾਈ ਦੇਂਦਾ ਜਿਹੋਂ ਜਿਹਾ ਹੋਰ ਬਹੁਤ ਸਾਰੇ ਦੂਸਰੇ ਸ਼ੈਹਰਾਂ ਵਿਚ ਦਿਖਾਈ ਦੇਂਦਾ ਹੈ ..... ।

(16.1) ਮਦਰਾਸ ਦੇ ਯੂਰੋਪੀ ਟਿਕਾਣੇ ਅਹਾਤਿਆਂ ਦੀਆਂ ਕੋਈ ਤਿੰਨ ਵਿਸ਼ੇਸ਼ਤਾਵਾਂ ਲਿੱਖੋ । **3**

(16.2) ਵਹਾਇਟ ਟਾਊਨ, ਬਲੈਕ ਟਾਊਨ ਤੋਂ ਕਿਵੇਂ ਵੱਖ ਸਨ ? **2**

(16.3) ਮਦਰਾਸ ਸ਼ੈਹਰ ਹੋਲੀ ਹੋਲੀ ਕਿਵੇਂ ਸ਼ੈਹਰੀ ਖੇਤਰ ਵਿਚ ਰੂਪਾਤਰ ਹੋਇਆਂਸੀ ? ਵਿਆਖਿਆ ਕਰੋ । **2**



collegedunia.com India's largest Student Review Platform

## ਭਾ – ਙ

## ਮਾਨ ਚਿੱਤਰ ਪ੍ਰਸ਼ਨ

17. (17.1) ਭਾਰਤ ਦੇ ਦਿੱਤੇ ਗਏ ਰਾਜਨੀਤਕ ਰੇਖਾ ਮਾਨ ਚਿੱਤਰ ਉਪਰ ਹੇਠ ਲਿਖਿਆਂ ਨੂੰ ਢੁਕਵੇਂ ਚਿਨ੍ਹਾਂ ਨਾਲ ਦਰਸਾਓ ਅਤੇ ਉਨ੍ਹਾਂ ਦੇ ਨਾਮ ਲਿੱਖੋ : **2 + 3 = 5**

(a) ਕਾਲੀਬੰਗਨ – ਵਿਕਸਿਤ ਹੜੱਪਾ ਸਥਲ

(b) ਅਜਮੇਰ – ਮੁਗ਼ਲਾਂ ਦੇ ਅਧੀਨ ਖੇਤਰ

(17.2) ਭਾਰਤ ਦੇ ਉਸ ਹੀ ਰਾਜਨੀਤਕ ਰੇਖਾ-ਮਾਨ ਚਿੱਤਰ ਉਪਰ ਭਾਰਤੀ ਰਾਸ਼ਟਰੀ ਅੰਦੋਲਨ ਦੇ ਤਿੰਨ ਮਹਤਵਪੂਰਨ ਕੇਂਦਰ A, B, C ਦਿਖਲਾਏ ਗਏ ਹਨ। ਇਨ੍ਹਾਂ ਨੂੰ ਪਛਾਣੋ ਅਤੇ ਉਨ੍ਹਾਂ ਦੇ ਸਹੀ ਨਾਮ ਉਨ੍ਹਾਂ ਦੇ ਕੋਲ ਖਿੱਚੀਆਂ ਗਈਆਂ ਰੇਖਾਵਾਂ ਉਪਰ ਲਿੱਖੋ।

**ਨੋਟ :** ਹੇਠ ਲਿਖੇ ਪ੍ਰਸ਼ਨ **ਕੇਵਲ ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ **17** ਦੇ ਥਾਂ ਬਦਲਵੇਂ ਪ੍ਰਸ਼ਨ ਹਨ **:**

(17.1) ਮੁਗ਼ਲ ਸਾਮਰਾਜ ਦੇ ਕਿਸੇ ਇਕ ਰਾਜਧਾਨੀ ਨਗਰ ਦਾ ਨਾਮ ਲਿੱਖੋ। **1**

(17.2) ਕਿਸੇ ਇਕ ਵਿਕਸਿਤ ਹੜੱਪਾ ਸੱਥਲ ਦਾ ਨਾਮ ਲਿੱਖੋ। **1**

(17.3) ਭਾਰਤੀ ਰਾਸ਼ਟਰੀ ਅੰਦੋਲਨ ਨਾਲ ਜੁੜੇ ਕਿਸੇ ਤਿੰਨ ਖਾਸ ਸਥਾਨਾਂ ਦਾ ਵਰਨਨ ਕਰੋ। **3**

collegedunia.com India's largest Student Review Platform




collegedunia.com India's largest Student Review Platform

Cut Here ----- ਯਹਾਂ ਸੇ ਕਾਟੇਂ ----- Cut Here ----- ਯਹਾਂ ਸੇ ਕਾਟੇਂ

ਪ੍ਰਸ਼ਨ ਸੰਖਿਆ 17 ਦੇ ਲਈ ਮਾਨ ਚਿੱਤਰ

ਭਾਰਤ ਦਾ ਰਾਜਨੀਤਕ ਰੇਖਾ ਮਾਨਚਿੱਤਰ

**Outline Map of India (Political)**




collegedunia.com India's largest Student Review Platform

collegedunia.com
India's largest Student Review Platform



collegedunia.com
India's largest Student Review Platform